116

**ਯੂਨੀਵਰਸਿਟੀ ਵਿਖੇ ਦੁਕਾਨ ਨੰਬਰ 1 ਛੋਟੀ ਲੜਕੀਆਂ ਦੇ ਸੈਲੂਨ ਅਤੇ ਯੂਨੀਵਰਸਿਟੀ ਕਾਲਜ ਆਫ਼ ਇੰਜੀਨੀਅਰਿੰਗ ਵਿਖੇ ਸਥਿੱਤ ਸਟੇਸ਼ਨਰੀ ਟੈਂਡਰ ਰਾਹੀਂ ਅਲਾਟ ਕਰਨ ਸਬੰਧੀ ਸ਼ਰਤਾਂ:-**

| ਲੜੀ ਨੰਬਰ | ਦੁਕਾਨ/ਸਟੈਸ਼ਨਰੀ ਦੇ ਰਾਖਵੇਂ ਕਿਰਾਏ ਦਾ ਵੇਰਵਾ |
|---|---|
| 1 | ਦੁਕਾਨ ਨੰਬਰ 1 ਛੋਟੀ ਲੜਕੀਆ ਦੇ ਸੈਲੂਨ ਲਈ ਦਾ 15,000/- ਰੁਪਏ |
| 2 | ਯੂਨੀਵਰਸਿਟੀ ਕਾਲਜ ਆਫ਼ ਇੰਜੀਨੀਅਰਿੰਗ ਵਿਖੇ ਸਥਿੱਤ ਸਟੇਸ਼ਨਰੀ ਦਾ 15000/- ਰੁਪਏ |

1. ਟੈਂਡਰਕਰਤਾ ਇਸ ਰਾਸ਼ੀ ਤੋਂ ਵੱਧ ਦੀ ਕੀਮਤ ਦੇ ਟੈਂਡਰ ਭਰ ਕੇ ਭੇਜਣਗੇ। ਇਸ ਰਾਸ਼ੀ ਤੋਂ ਘੱਟ ਕੀਮਤ ਦੇ ਟੈਂਡਰ ਸਵੀਕਾਰ ਨਹੀਂ ਕੀਤੇ ਜਾਣਗੇ।

2. ਟੈਂਡਰ ਅਪਲਾਈ ਕਰਨ ਵਾਲੇ ਵਿਅਕਤੀ ਨੂੰ 1000 ਰੁਪਏ ਦੀ ਐਪਲੀਕੇਸ਼ਨ ਫੀਸ ਅਤੇ ਇਸ ਰਕਮ ਦੇ ਨਾਲ ਹੀ 18 ਪ੍ਰਤੀਸ਼ਤ ਜੀ.ਐਸ.ਟੀ ਵਜੋਂ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਾਮ ਦੇ ਅਲਗ ਤੋਂ ਭੇਜਣਾ ਹੋਵੇਗਾ।

3. ਜਿਸ ਵਿਅਕਤੀ ਦਾ ਟੈਂਡਰ ਪਾਸ ਹੋ ਜਾਵੇਗਾ, ਉਹ ਇਕ ਸਾਲ ਦੀ ਲਾਇਸੈਂਸ ਮਨੀ ਦੇ ਬਰਾਬਰ ਦੀ ਰਾਸ਼ੀ 1,80,000/- ਰੁਪਏ, ਸਕਿਉਰਟੀ ਵਜੋਂ ਜਮ੍ਹਾਂ ਕਰਵਾਉਣਗੇ ਅਤੇ ਜਿਹੜਾ ਲਾਇਸੈਂਸੀ ਇਕਰਾਰਨਾਮੇ ਦੇ ਸਮੇਂ ਦੇ ਵਿਚਕਾਰ ਹੀ ਦੁਕਾਨ ਛੱਡ ਕੇ ਜਾਵੇਗਾ ਉਸ ਦੀ ਸਕਿਓਰਟੀ ਜਬਤ ਕਰ ਲਈ ਜਾਵੇਗੀ।

4. ਸੈਲੂਨ/ਸਟੇਸ਼ਨਰੀ ਦੀ ਦੁਕਾਨ ਤਿੰਨ ਸਾਲ ਦੇ ਸਮੇਂ ਲਈ ਅਲਾਟ ਕੀਤੀ ਜਾਵੇਗੀ। ਤਹਿਸੁਦਾ ਲਾਇਸੈਂਸੀ ਮਨੀ ਵਿੱਚ ਹਰ ਸਾਲ 10 ਪ੍ਰਤੀਸ਼ਤ ਦਾ ਵਾਧਾ ਕੀਤਾ ਜਾਵੇਗਾ ਅਤੇ ਇਸ ਸਬੰਧੀ ਟੈਂਡਰਕਾਰਤਾ ਨੂੰ ਵਿੱਧੀ ਬੱਧ ਢੰਗ ਨਾਲ ਯੂਨੀਵਰਸਿਟੀ ਨਾਲ ਇਕਰਾਰਨਾਮਾ ਕਰਨਾ ਹੋਵੇਗਾ।

5. ਬਿਜਲੀ ਦਾ ਪੂਰਾ ਬਿਲ ਕਮਰਸ਼ੀਅਲ ਰੇਟ ਤੇ ਅਲਾਟੀ ਵੱਲੋਂ ਅਦਾ ਕੀਤਾ ਜਾਵੇਗਾ। ਪਾਣੀ ਦੀ ਵੱਧ ਤੋਂ ਵੱਧ ਖਪਤ ਲਈ ਉਸ ਵੱਲੋਂ 500/- ਰੁਪਏ ਪ੍ਰਤੀ ਮਹੀਨਾ ਵੱਖਰੇ ਤੌਰ ਤੇ ਲਿਆ ਜਾਵੇਗਾ।

6. ਅਲਾਟੀ ਸਮਰਥ ਅਧਿਕਾਰੀਆ ਦੀ ਆਗਿਆ ਤੋਂ ਬਿਨ੍ਹਾ ਸੈਲੂਨ/ਸਟੇਸ਼ਨਰੀ ਦੀ ਦੁਕਾਨ ਵਿੱਚ ਕੋਈ ਅਦਲਾ-ਬਦਲੀ ਨਹੀਂ ਕਰ ਸਕਦਾ।

7 ਅਲਾਟੀ ਵਲੋਂ ਸੈਲੂਨ ਅਤੇ ਸਟੇਸ਼ਨਰੀ ਦੀ ਦੁਕਾਨ ਵਿਚ ਯੂਨੀਵਰਸਿਟੀ ਵਲੋਂ Approved List ਅਨੁਸਾਰ ਹੀ ਰੇਟ ਵਸੂਲ ਕੀਤੇ ਜਾਣਗੇ।

8. ਅਲਾਟੀ ਵਲੋਂ ਵੇਚੇ ਜਾਣ ਵਾਲੇ ਸਮਾਨ ਦੀ ਰੇਟ ਲਿਸਟ ਦੁਕਾਨ ਦੇ ਬਾਹਰ ਲਗਾਉਣੀ ਹੋਵੇਗੀ।

9. ਅਲਾਟੀ ਨੂੰ ਸੈਲੂਨ ਅਤੇ ਸਟੇਸ਼ਨਰੀ ਦੀ ਸਫਾਈ ਦਾ ਵਿਸ਼ੇਸ਼ ਧਿਆਨ ਰੱਖਣਾ ਹੋਵੇਗਾ। ਜੇਗਰ ਉਹ ਫਿਰ ਵੀ ਸਫਾਈ ਨਹੀਂ ਰੱਖਦਾ ਤਾਂ ਉਸ ਨੂੰ ਪੈਨਲਟੀ ਲਗਾਈ ਜਾ ਸਕੇਗੀ ਅਤੇ ਉਸ ਨਾਲ ਕੀਤਾ ਇਕਰਾਰਨਮ ਕੈਂਸਲ ਵੀ ਕੀਤਾ ਜਾ ਸਕਦਾ ਹੈ।

10 ਜੇਕਰ ਸੈਲੂਨ ਜਾਂ ਸਟੇਸ਼ਨਰੀ ਸਬੰਧੀ ਕੋਈ Dispute ਹੁੰਦਾ ਹੈ ਤਾਂ ਉਸ ਨੂੰ ਨਿਬੇੜਨ ਲਈ ਸਮਰੱਥ ਅਧਿਕਾਰੀ ਵਾਈਸ-ਚਾਂਸਲਰ ਸਾਹਿਬ ਹੋਣਗੇ ਅਤੇ ਜੇਕਰ ਕੋਈ ਕੋਰਟ ਕੇਸ ਲਈ ਜਾਦਾ ਹੈ ਤਾਂ ਉਸ ਦੀ ਜਿਊਰਿਜ਼ਡਿਕਸ਼ਨ ਪਟਿਆਲਾ ਹੋਵੇਗੀ।

11. ਅਲਾਟੀ ਸੈਲੂਨ ਅਤੇ ਸਟੇਸ਼ਨਰੀ ਦੀ ਦੁਕਾਲ ਅੱਗੇ ਕਿਸੇ ਹੋਰ ਨੂੰ ਸਬਲੈਟ ਨਹੀਂ ਕਰੇਗਾ।

12. ਜੇਕਰ ਅਲਾਟੀ ਹਰ ਮਹੀਨੇ ਲਾਇਸੈਂਸ ਮਨੀ ਅਦਾ ਨਹੀਂ ਕਰਦਾ ਤਾਂ ਉਸ ਨੂੰ ਅਲਾਟ ਕੀਤੀ ਦੁਕਾਨ ਦਾ ਬਿਜਲੀ ਅਤੇ ਪਾਣੀ ਆਦਿ ਬੰਦ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਰਾਖਵਾਂ ਹੋਵੇਗਾ।

13. ਅਲਾਟੀ ਯੂਨੀਵਰਸਿਟੀ ਵਲੋਂ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾ ਨੂੰ ਮਨਣਯੋਗ ਹੋਵੇਗਾ।

26/09/25
ਰਜਿਸਟਰਾਰ

Scanned with CamScanner